ਭਾਰਤ-ਕੈਨੇਡਾ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ

02 ਸਤੰਬਰ 2026 ਨੂੰ, ਭਾਰਤ ਦੇ ਵਿਦੇਸ਼ ਮੰਤਰਾਲੇ ਅਤੇ ਗਲੋਬਲ ਅਫੇਅਰਜ਼ ਕੈਨੇਡਾ ਦੇ ਅਧਿਕਾਰੀਆਂ ਨੇ ਹੈਦਰਾਬਾਦ ਹਾਊਸ, ਨਵੀਂ ਦਿੱਲੀ ਵਿੱਚ ਸਾਲਾਨਾ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ (FOC) ਆਯੋਜਿਤ ਕੀਤੇ। ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੂਰਬ), ਸ਼੍ਰੀ ਰੁਦਰੇਂਦਰ ਟੰਡਨ ਨੇ ਕੀਤੀ, ਜਦੋਂ ਕਿ ਕੈਨੇਡੀਅਨ ਵਫ਼ਦ ਦੀ ਅਗਵਾਈ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ, ਸ਼੍ਰੀ ਅਰੁਣ ਥੰਗਰਾਜ ਨੇ ਕੀਤੀ।

2. FOC ਦਾ ਆਯੋਜਨ ਦੁਵੱਲੇ ਸੰਬੰਧਾਂ ਵਿੱਚ ਨਿਰੰਤਰ ਬਣੀ ਗਤੀ ਦੇ ਪਿਛੋਕੜ ਦੇ ਵਿੱਚ ਕੀਤਾ ਗਿਆ ਸੀ, ਜੋ ਜੂਨ 2025 ਤੋਂ ਦੁਵੱਲੇ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿੱਚ ਉੱਚ-ਪੱਧਰੀ ਆਦਾਨ-ਪ੍ਰਦਾਨ ਅਤੇ ਪ੍ਰਗਤੀ ਦੀ ਗਤੀ ਵਿੱਚ ਦਿਖਾਈ ਦਿੰਦਾ ਹੈ।

3. ਦੋਵਾਂ ਧਿਰਾਂ ਨੇ ਭਾਰਤ-ਕੈਨੇਡਾ ਸੰਬੰਧਾਂ ਦੀ ਮਹੱਤਤਾ ਦੀ ਪੁਸ਼ਟੀ ਕੀਤੀ, ਜਿਹਨਾਂ ਦਾ ਆਧਾਰ ਲੋਕਤੰਤਰੀ ਮੁੱਲ, ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੇ ਸਿਧਾਂਤਾਂ ਲਈ ਸਨਮਾਨ ਅਤੇ ਕਨੂੰਨ ਦੇ ਸ਼ਾਸਨ ਲਈ ਸਾਂਝੀ ਵਚਨਬੱਧਤਾ ਹੈ। ਦੋਵਾਂ ਧਿਰਾਂ ਨੇ ਊਰਜਾ ਅਤੇ ਮਹੱਤਵਪੂਰਨ ਖਣਿਜ, ਵਿਗਿਆਨ ਅਤੇ ਤਕਨਾਲੋਜੀ, ਸਿੱਖਿਆ, ਸੁਰੱਖਿਆ ਅਤੇ ਰੱਖਿਆ ਸਹਿਯੋਗ, ਸੱਭਿਆਚਾਰ, ਲੋਕਾਂ ਵਿਚਕਾਰਲੇ ਆਪਸੀ ਸੰਬੰਧਾਂ ਅਤੇ ਕੌਂਸਲਰ ਮਾਮਲਿਆਂ ਸਮੇਤ ਵੱਖ-ਵੱਖ ਸੰਸਥਾਗਤ ਵਿਧੀਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਦੋਵਾਂ ਧਿਰਾਂ ਨੇ ਦੋਵਾਂ ਸਰਕਾਰਾਂ ਵਿਚਕਾਰ ਸੰਸਥਾਗਤ ਸ਼ਮੂਲੀਅਤ ਅਤੇ ਵਾਰਤਾ ਨੂੰ ਮਜ਼ਬੂਤ ਕਰਨ ਵਿੱਚ ਹੋਈ ਪ੍ਰਗਤੀ ਦਾ ਸਵਾਗਤ ਕੀਤਾ।

4. ਦੋਵੇਂ ਧਿਰਾਂ ਨੇ ਸਾਲ ਦੇ ਅੰਤ ਤੋਂ ਪਹਿਲਾਂ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ ਦੀ ਗੱਲਬਾਤ ਨੂੰ ਪੂਰਾ ਕਰਨ ਲਈ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ, ਜਿਸ ਦਾ ਸਾਂਝੇ ਉਦੇਸ਼ 2030 ਤੱਕ ਦੁਵੱਲੇ ਵਪਾਰ ਨੂੰ CAD 70 ਅਰਬ/₹4.65 ਲੱਖ ਕਰੋੜ ਤੱਕ ਦੁੱਗਣਾ ਕਰਨਾ ਹੈ।

ਨਵੀਂ ਦਿੱਲੀ

02 ਸਤੰਬਰ 2026